# 7

# ਸਵਾਲ ਜਿਨ੍ਹਾਂ ਦੇ ਜਵਾਬ ਨਹੀਂ ਹਨ

ਦਿਮਾਗ਼ ਲਾ ਕੇ ਆਦਮੀ ਇਹ ਤਾਂ ਜਾਣ ਸਕਦਾ ਹੈ ਕਿ ਖ਼ੁਦਾ ਹੈ। ਪਰ ਸੁਰਗ ਤੋਂ ਜਾਣਕਾਰੀ ਲਏ ਬਗੈਰ ਉਹ ਆਪਣੇ ਸਭ ਤੋਂ ਅਹਿਮ ਸਵਾਲਾਂ ਵਿੱਚੋਂ ਕਈਆਂ ਦੇ ਜਵਾਬ ਜਾਣਨ ਵਿਚ ਨਾਕਾਮ ਰਹਿੰਦਾ ਹੈ।

## 1. ਸ੍ਰਿਸ਼ਟੀ ਦਾ ਮੂਲ

ਜ਼ਾਹਿਰ ਹੈ ਕਿ ਜਦ ਤਕ ਇਹ ਜਾਣਨ ਵਿਚ ਕਿ ਸ੍ਰਿਸ਼ਟੀ ਕਿਵੇਂ ਬਣੀ, ਕੋਈ ਉਸਦੀ ਮਦਦ ਨਾ ਕਰੇ ਤਦ ਤਕ ਮਨੁੱਖ ਉਸ ਨੂੰ ਜਾਣ ਨਹੀਂ ਸਕਦਾ। ਮੂਸਾ ਦੇ ਮਿਸਰੀ ਗੁਰੂਆਂ ਨੇ ਸਿਖਾਇਆ ਸੀ ਕਿ ਸ੍ਰਿਸ਼ਟੀ ਗੁੱਦੇ ਵਿੱਚੋਂ ਕੱਢੀ ਗਈ ਸੀ ਅਤੇ ਧਰਤੀ ਇਕ ਗੋਲ ਆਂਡੇ 'ਚੋਂ ਨਿੱਕਲੀ ਸੀ। ਅਰਸਤੂ ਦੀ ਸਿੱਖਿਆ ਸੀ ਕਿ ਸ੍ਰਿਸ਼ਟੀ ਪਦਾਰਥ ਤੋਂ ਬਣੀ ਹੈ ਜਦਕਿ ਇਕ ਪ੍ਰਾਚੀਨ ਯੂਨਾਨੀ ਦਾਰਸ਼ਨਿਕ ਦਾ ਕਹਿਣਾ ਸੀ ਕਿ ਇਹ ''ਅਣੂਆਂ ਦੇ ਅਚਾਨਕ ਮੇਲ'' ਨਾਲ ਹੋਂਦ ਵਿਚ ਆਈ। 1796 ਵਿਚ ਪਿਅਰੇ ਲੈਪਲੇਸ ਨੇ ਨਿਚੋੜ ਕੱਢਿਆ ਸੀ ਕਿ ਵਲਦਾਰ ਨੇਬੁਲਾ ਅਸਮਾਨ 'ਚ ਹੌਲੀ ਹੌਲੀ ਠੋਸ ਗ੍ਰਹਿਆਂ ਵਿਚ ਬਦਲ ਗਿਆ। 1900 ਵਿਚ ਐੱਫ਼. ਆਰ. ਮੋਲਟਨ ਅਤੇ ਟੀ. ਪੀ. ਚੈਂਬਲਿਨ ਨੇ ਦਾਅਵਾ ਕੀਤਾ ਕਿ ਕਈ ਟੁਕੜੇ ਸੂਰਜ ਤੋਂ ਦੂਰ ਡਿੱਗ ਕੇ ਹੌਲੀ-ਹੌਲੀ ਠੰਢੇ ਹੋ ਕੇ ਠੋਸ ਗ੍ਰਹਿ ਬਣ ਗਏ। ਜਦ ਕਿ 1960 ਵਿਚ ਇਹ ਦਾਅਵਾ ਕੀਤਾ ਗਿਆ ਸੀ ਕਿ ਦੁਨੀਆਂ ਹਾਈਡ੍ਰੋਜਨ ਗੈਸ ਤੋਂ ਬਣੀ ਹੈ।

ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਸ੍ਰਿਸ਼ਟੀ ਦੇ ਆਰੰਭ ਅੰਦਾਜ਼ੇ ਵੀ ਪਦਾਰਥ ਦੇ ਵਿਕਾਸ ਦੀ ਸੰਭਾਵਨਾ ਦੀ ਹੀ ਚਰਚਾ ਕਰਦੇ ਹਨ, ਨਾ ਕਿ ਇਸਦੀ ਕਿ ਪਦਾਰਥ ਕਿੱਥੋਂ ਆਇਆ। ਇਸ ਗੱਲ ਦੀ ਵਿਆਖਿਆ ਨਹੀਂ ਕੀਤੀ ਜਾਂਦੀ ਕਿ ਪਦਾਰਥ ਗੁੱਦਾ ਸੀ, ਗੋਲ ਆਂਡਾ, ਵਲ਼ਦਾਰ ਨੇਬੁਲਾ, ਅਣੂ, ਸੂਰਜ ਤੋਂ ਡਿੱਗਿਆ ਕੂੜਾ ਜਾਂ ਹਾਈਡ੍ਰੋਜਨ ਗੈਸ। ਵਿਦਵਾਨ ਪਦਾਰਥ ਜਾਂ ਤੱਤ ਦੀ ਹੋਂਦ ਨੂੰ ਕਈ ਗੈਸਾਂ ਦੀ ''ਅਤਿ ਪ੍ਰਾਚੀਨ ਬੇਤਰਤੀਬੀ'' ਮੰਨਦੇ ਹਨ, ਪਰ ਇਹ ਨਹੀਂ ਦੱਸਦੇ ਕਿ ਗੈਸਾਂ ਕਿੱਥੋਂ ਆਈਆਂ। ਉਹ ਓਸੇ ਦਾ ਅੰਦਾਜ਼ਾ ਲਾਉਂਦੇ ਹਨ ਜੋ ਉਨ੍ਹਾਂ ਨੂੰ ਲਗਦਾ ਹੈ ਕਿ ਗੈਸਾਂ ਦਾ ਵਜੂਦ ਵਿਚ ਆਉਣ ਦੇ ਬਾਅਦ ਹੋਇਆ। ਇਹ ਮੰਨ ਕੇ ਕਿ ਹਾਈਡ੍ਰੋਜਨ ਮੁੱਢਲੀ ਗੈਸ ਸੀ ਉਹ ਮੰਨਦੇ ਹਨ ਕਿ ''ਅਸਲ 'ਚ ਪਹਿਲਾਂ ਤੋਂ ਕੁਝ ਸੀ।'' ਪਰ ਵਿਗਿਆਨੀਆਂ ਨੂੰ ਇਹ ਪਤਾ ਨਹੀਂ ਕਿ ਉਹ ਕੀ ਸੀ, ਅਤੇ ਇਹ ਕਿਵੇਂ ਹੋਂਦ ਵਿਚ ਆਇਆ। ਸੰਸਾਰ ਦੇ ਆਰੰਭ ਬਾਰੇ ਵਿਦਵਾਨਾਂ ਦੀ ਗੱਲ ਪੜ੍ਹਨ ਤੋਂ ਬਾਅਦ ਕੋਈ ਉਸ ਹੱਲ ਦੇ ਨੇੜੇ ਵੀ ਨਹੀਂ ਪਹੁੰਚ ਸਕਦਾ ਜਿਸਦਾ ਪਤਾ ਉਸ ਨੂੰ ਅਰੰਭ ਕਰਨ ਸਮੇਂ ਲੱਗਾ ਸੀ।

ਮੁਸ਼ਕਿਲ ਦੇ ਹੱਲ ਲਈ ਮਨੁੱਖ ਦੀ ਸੀਮਤ ਸਮਝ ਦੀ ਦੁਹਾਈ ਦੇ ਕੇ ਖ਼ਾਲਸ ਮਨੁੱਖੀ ਵਸੀਲਿਆਂ ਤੋਂ ਮਨੁੱਖ ਦੀ ਅਯੋਗਤਾ ਦਾ ਬਹਾਨਾ ਬਣਾਇਆ ਗਿਆ ਹੈ। ਮਨੁੱਖ ਨੂੰ ਮੰਨਣਾ ਹੀ ਪਵੇਗਾ ਕਿ ਉਹਨੂੰ ਨਹੀਂ ਪਤਾ ਕਿ ਸੰਸਾਰ ਦਾ ਆਰੰਭ ਕਿਵੇਂ ਹੋਇਆ, ਤਦ ਤਕ ਉਸਦੇ ਲਈ

ਇਸ ਗੱਲ ਨੂੰ ਜਾਣ ਲੈਣ ਦੀ ਕੋਈ ਆਸ ਨਹੀਂ।

## 2. ਮਨੁੱਖ ਦਾ ਅਰੰਭ

ਜ਼ਾਹਿਰ ਹੈ ਕਿ ਕਿਸੇ ਦੀ ਮਦਦ ਦੇ ਬਗ਼ੈਰ ਮਨੁੱਖ ਨੂੰ ਇਹ ਪਤਾ ਨਹੀਂ ਲੱਗ ਸਕਦਾ ਕਿ ਉਹ ਕਿਵੇਂ ਹੋਂਦ ਵਿਚ ਆਇਆ ਸੀ। ਵੀਹਵੀਂ ਸਦੀ ਵਿਚ ਇਹ ਕਿਹਾ ਜਾਂਦਾ ਸੀ ਕਿ ''ਮਨੁੱਖ-ਜਾਤੀ ਦਾ ਪਿਤਾ, ਇਕ ਛੋਟਾ ਫ਼ਟੀਚਰ ਜਿਹਾ ਚੂਹਾ'' ਸੀ। ਚੂਹੇ ਤੋਂ ਪਹਿਲਾਂ ''ਕੋਈ ਜਿਉਂਦੀ ਜੈਲੀ ਅਰਥਾਤ ਇਕ ਲੇਸਦਾਰ ਵਸਤੂ ਸੀ।'' ਪਰ ਇਹ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਕਿ ਜੈਲੀ ਕਿੱਥੋਂ ਆਈ। ਜੇ ਜੈਲੀ ਨੂੰ ''ਆਦਿ ਕਾਲੀਨ ਤਲਾਬਾਂ ਵਿਚ ਜੈਵਿਕ ਅਣੂਆਂ ਦੇ ਰਸਾਂ'' ਤੋਂ ਅਤੇ ਉਨ੍ਹਾਂ ਰਸਾਂ ਨੂੰ ਬੇਜਾਨ ਰਸਾਇਣਾਂ ਤੋਂ ਅਤੇ ਰਸਾਇਣਾਂ ਨੂੰ ਹਾਈਡ੍ਰੋਜਨ ਗੈਸ ਤੋਂ ਕੱਢਿਆ ਗਿਆ ਸੀ ਤਾਂ ਇਹ ਮਨੁੱਖ ਦੇ ਅਰੰਭ ਦੇ ਸਵਾਲ ਦਾ ਜਵਾਬ ਤਾਂ ਨਹੀਂ। ਮਨੁੱਖ ਨੂੰ ਹਾਈਡ੍ਰੋਜਨ ਤੋਂ ਬਣਿਆ ਦੱਸ ਕੇ ਵੀ ਹਾਈਡ੍ਰੋਜਨ ਦੇ ਅਰੰਭ ਦੀ ਵਿਆਖਿਆ ਨਹੀਂ ਹੁੰਦੀ ਅਤੇ ਮਨੁੱਖ ਦੇ ਅਰੰਭ ਦਾ ਸਵਾਲ ਸ੍ਰਿਸ਼ਟੀ ਦੇ ਅਰੰਭ ਦੇ ਸਵਾਲ ਵਾਂਗ ਉਲਝਿਆ ਰਹਿੰਦਾ ਹੈ।

## 3. ਨੈਤਿਕਤਾ

ਉੱਚ ਇਖ਼ਲਾਕ ਨੂੰ ਬਗੈਰ ਮਦਦ ਦੇ ਨਹੀਂ ਜਾਣਿਆ ਜਾ ਸਕਦਾ। ਕੁਦਰਤ ਨਾਲ, ਮਨੁੱਖ ਸਹੀ ਅਤੇ ਗ਼ਲਤ ਦੀਆਂ ਕੁੱਝ ਗੱਲਾਂ ਤਾਂ ਜਾਣ ਲੈਂਦਾ ਹੈ ਪਰ ਅਜਿਹਾ ਗਿਆਨ ਬਦਲਣਯੋਗ ਅਤੇ ਨਾਕਾਫ਼ੀ ਹੈ। ਸੱਚੇ ਇਨਸਾਨ ਦੀ ਪ੍ਰਣਾਲੀ ਬਣਾਉਣ ਵਿਚ ਮਨੁੱਖ ਦੀ ਅਯੋਗਤਾ ਕਰਕੇ ਹੀ ਯੂਨਾਨੀ ਦਾਰਸ਼ਨਿਕ ਸੁਕਰਾਤ ਅਤੇ ਪਲੈਟੋ ਇਹ ਆਸ ਕਰ ਸਕੇ ਸਨ, ਖ਼ੁਦਾ ਇਨਸਾਨਾਂ ਵਿਚ ਹਦਾਇਤ ਦਿੰਦਾ ਹੈ।

ਮਨੁੱਖ ਜਦ ਆਪਣੇ ਤਰਕ ਨਾਲ ਹੀ ਰੌਸ਼ਨੀ ਵਿਚ ਚੱਲਦਾ ਹੈ, ਤਾਂ ਇਹ ਉਸਦੇ ਲਈ ਸੁਆਰਥੀ ਅਤੇ ਆਪਣੀ ਤਬਾਹੀ ਕਰਨ ਵਾਲਾ ਹੁੰਦਾ ਹੈ। ਬਹੁਤ ਸਾਰੇ ਲੋਕਾਂ ਨੇ ਦੁਸ਼ਮਣਾਂ ਤੋਂ ਬਦਲਾ ਲੈਣ ਅਤੇ ਉਨ੍ਹਾਂ ਨੂੰ ਤਬਾਹ ਕਰਨ ਦੀ ਧਾਰੀ ਹੁੰਦੀ ਹੈ। ਤਰਸ ਨੂੰ ਕਮਜ਼ੋਰੀ ਮੰਨਿਆ ਜਾਂਦਾ ਹੈ। ਕਿਸੇ ਸਮੇਂ ਝੂਠ ਨੂੰ ਪਵਿੱਤਰ ਮੰਨਿਆ ਜਾਂਦਾ ਸੀ, ਅੱਜ ਵੀ ਮੰਨਿਆ ਜਾਂਦਾ ਹੈ। ਮਸਤ ਹੋਣ ਨੂੰ ਹਰ ਥਾਂ ਸ਼ਰਮਨਾਕ ਨਹੀਂ ਮੰਨਿਆ ਜਾਂਦਾ ਅਤੇ ਵਿਭਚਾਰ ਗੁਪਤ ਢੰਗ ਨਾਲ ਹੁੰਦਾ ਹੈ, ਪਰ ਖੁੱਲ੍ਹੇਆਮ ਉਸ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਮੰਨਿਆ ਜਾਂਦਾ ਹੈ ਕਿ ਨਕਾਹ ਦੇ ਵਾਅਦੇ ਨੂੰ ਤੋੜਿਆ ਨਹੀਂ ਜਾਣਾ ਚਾਹੀਦਾ। ਕਈਆਂ ਲਈ ਖ਼ੁਦਕਸ਼ੀ ਇਕ ਚੰਗਾ ਗੁਣ ਅਤੇ ਬਰਕਤ ਮੰਨੀ ਜਾਂਦੀ ਹੈ। ਗਰਭ ਵਿਚ ਮੁੰਡਾ ਹੈ ਜਾਂ ਕੁੜੀ, ਵੇਖਣ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ। ਕਈਆਂ ਵਿਚ ਜਨਾਜ਼ਾ ਖੁਸ਼ੀ ਦੀ ਗੱਲ ਹੈ। ਲੋਕਾਂ ਦੀ ਜ਼ਿੰਦਗੀ ਆਮ ਤੌਰ 'ਤੇ ਉਹੋ ਜਿਹੀ ਨਹੀਂ ਹੁੰਦੀ ਜਿਵੇਂ ਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਉਨ੍ਹਾਂ ਦੀ ਜ਼ਿੰਦਗੀ ਹੋਣੀ ਚਾਹੀਦੀ ਹੈ, ਪਰ ਜਦ ਤਕ ਉੱਪਰੋਂ ਕੋਈ ਜਾਣਕਾਰੀ ਨਾ ਮਿਲੇ, ਨੈਤਿਕਤਾ ਦੇ ਮਾਪਦੰਡ ਦੇ ਸਵਾਲ ਦਾ ਜਵਾਬ ਨਹੀਂ ਮਿਲ ਸਕਦਾ।

## 4. ਜ਼ਿੰਦਗੀ ਦਾ ਮਕਸਦ

ਜ਼ਾਹਿਰ ਹੈ ਕਿ ਬਗ਼ੈਰ ਮਦਦ ਦੇ ਮਨੁੱਖ ਜ਼ਿੰਦਗੀ ਦੇ ਮਕਸਦ ਨੂੰ ਨਹੀਂ ਜਾਣ ਸਕਦਾ। ਜਿੰਦਗੀ ਦੇ ਸਭ ਤੋਂ ਵੱਡੇ ਮਕਸਦ ਲਈ ਸਭ ਤੋਂ ਵੱਡੀ ਭਲਿਆਈ ਦੀ ਖੋਜ ਤੋਂ ਵਧ ਕੇ ਕਿਸੇ

ਹੋਰ ਮੁਸ਼ਕਿਲ ਨੇ ਆਦਮੀ ਦਾ ਧਿਆਨ ਨਹੀਂ ਖਿੱਚਿਆ ਹੈ। ਪੁਰਾਣੇ ਜ਼ਮਾਨੇ ਦੇ ਲੋਕਾਂ ਵਿਚ ਮਨੁੱਖ ਦੇ ਵਜੂਦ ਬਾਰੇ ਤਿੰਨ ਸੌ ਦੇ ਕਰੀਬ ਵਿਚਾਰ ਪਾਏ ਜਾਂਦੇ ਸਨ। ਇਹ ਖੋਜ ਅੱਜ ਵੀ ਜਾਰੀ ਹੈ। ਉੱਪਰੋਂ ਮਦਦ ਲਏ ਬਿਨਾਂ ਲਗਦਾ ਹੈ ਕਿ ਮਨੁੱਖ ਦਾ ਸਵਾਲ ਕਿ ਉਹ ਧਰਤੀ ਤੇ ਕਿਉਂ ਹੈ, ਉਵੇਂ ਦਾ ਉਵੇਂ ਹੀ ਬਣਿਆ ਰਹੇਗਾ।

## 5. ਖ਼ੁਦਾ ਨਾਲ ਸਬੰਧ

ਖ਼ੁਦਾ ਦੀ ਬੰਦਗੀ ਦਾ ਤਰੀਕਾ ਪਤਾ ਨਹੀਂ ਲਗ ਸਕਦਾ। ਬਗ਼ੈਰ ਮਦਦ ਦੇ ਉਹ ਜਾਣ ਸਕਦਾ ਹੈ ਕਿ ਖ਼ੁਦਾ ਹੈ ਪਰ ਇਹ ਨਹੀਂ ਜਾਣ ਸਕਦਾ ਕਿ ਖ਼ੁਦਾ ਉਸ ਨੂੰ ਬੰਦਗੀ ਕਰਨ ਅਤੇ ਸੇਵਾ ਕਰਨ ਬਾਰੇ ਕੀ ਕਹਿਣਾ ਚਾਹੁੰਦਾ ਹੈ। ਖ਼ੁਦਾ ਦੀ ਬੰਦਗੀ ਲਈ ਮਨੁੱਖ ਦੇ ਯਤਨ ਬੜੇ ਹੀ ਤਰਸਯੋਗ ਰਹੇ ਹਨ। ਬਾਹਰੀ ਮਦਦ ਦੇ ਬਿਨਾਂ, ਮਨੁੱਖ ਖ਼ੁਦਾ ਨੂੰ ਕਈ ਦੇਵਤਿਆਂ ਦੇ ਰੂਪ ਵਿਚ ਵੇਖ ਰਿਹਾ ਹੈ। ਭਾਰਤ ਵਿਚ ਤੇਤੀ ਕਰੋੜ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਹੈ। ਬਿਨਾਂ ਅਗਵਾਈ ਦੇ ਮਨੁੱਖ ਸਮੁੱਚੇ ਪਦਾਰਥ ਨੂੰ ਹੀ ਜਿਊਂਦਾ ਅਤੇ ਨਿੱਜੀ ਮੰਨ ਲੈਂਦਾ ਹੈ। ਉਹ ਇਹ ਮੰਨਣ ਲਗਦਾ ਹੈ ਕਿ ਪੱਥਰਾਂ, ਰੁੱਖਾਂ ਅਤੇ ਬੱਦਲਾਂ ਵਿਚ ਜਾਨ ਹੈ। ਉਹ ਹੋਰ ਜ਼ਿੰਦਾ ਜਾਂ ਮੁਰਦਾ ਲੋਕਾਂ ਨੂੰ ਪੂਜਣ ਲਗ ਪੈਂਦਾ ਹੈ। ਬਿਨਾਂ ਖ਼ੁਦਾਈ ਹਦਾਇਤ ਦੇ ਮਨੁੱਖ ਵਿਭਚਾਰ ਨੂੰ ਮੰਦਿਰ ਦੀ ਉਪਾਸਨਾ ਦਾ ਭਾਗ ਬਣਾ ਲੈਂਦਾ ਹੈ। ਗੁੱਸੇ ਵਿਚ ਆਏ ਦੇਵਤਿਆਂ ਨੂੰ ਖੁਸ਼ ਕਰਨ ਦੇ ਉਪਾਅ ਕਰਨ ਵਿਚ ਉਸ ਨੇ ਬੀਤੇ ਸਮੇਂ ਵਿਚ ਨਰ ਬਲੀਆਂ ਵੀ ਦਿੱਤੀਆਂ ਹਨ। ਇਨਸਾਨ ਨੂੰ ਉਸ ਦੇ ਹੀ ਦਿਮਾਗ਼ ਦੇ ਸਹਾਰੇ ਛੱਡ ਦੇਣ 'ਤੇ ਖ਼ੁਦਾ ਦੀ ਬਦਗੀ ਅਤੇ ਸੇਵਾ ਕਰਨ ਦੇ ਢੰਗ ਦੇ ਸਵਾਲ ਦਾ ਜਵਾਬ ਨਹੀਂ ਮਿਲਦਾ।

## 6. ਸਦੀਵਤਾ

ਜ਼ਾਹਿਰ ਹੈ ਕਿ ਬਿਨਾਂ ਮਦਦ ਦੇ ਮਨੁੱਖ ਨੂੰ ਹਮੇਸ਼ਾ ਤਕ ਜ਼ਿੰਦਾ ਰਹਿਣ ਦਾ ਕੋਈ ਭਰੋਸਾ ਨਹੀਂ ਮਿਲ ਸਕਦਾ। ਸਭ ਆਮ ਲੋਕ ਅਨਾਦੀ ਕਾਲ ਤਕ ਜ਼ਿੰਦਾ ਰਹਿਣ ਦੀ ਆਸ ਕਰਦੇ ਹਨ ਪਰ ਬਿਨਾਂ ਖ਼ੁਦਾਈ ਮਦਦ ਦੇ ਕਿਸੇ ਕੋਲ ਵੀ ਇਹ ਸਰਟੀਫ਼ਿਕੇਟ ਨਹੀਂ ਹੈ ਕਿ ਜ਼ਿੰਦਗੀ ਤੋਂ ਬਾਅਦ ਕੀ ਹੋਣ ਵਾਲਾ ਹੈ। ਅੱਯੂਬ 14:14 ਵਿਚ ਸਾਨੂੰ ਇਕ ਸਵਾਲ ਮਿਲਦਾ ਹੈ ਜਿਸ ਦਾ ਜਵਾਬ ਮਨੁੱਖ ਆਪਣੇ ਆਪ ਨਹੀਂ ਦੇ ਸਕਦਾ: ''ਜੇ ਮਨੁੱਖ ਮਰ ਜਾਵੇ ਤਾਂ ਕੀ ਉਹ ਫਿਰ ਜਿਉਂਦਾ ਹੋ ਜਾਵੇਗਾ?''

## 7. ਸਵਾਲ

ਇਨਸਾਨ ਦੇ ਸਭ ਤੋਂ ਅਹਿਮ ਸਵਾਲਾਂ ਦਾ ਪ੍ਰਬੰਧ ਸੰਸਾਰ ਦੇ ਆਰੰਭ ਮਨੁੱਖ ਦੇ ਆਰੰਭ, ਇਖਲਾਕ, ਸਰਵ ਉਚ ਭਲਿਆਈ, ਖ਼ੁਦਾ ਨਾਲ ਮਨੁੱਖ ਦਾ ਸਬੰਧ ਤੇ ਹਮੇਸ਼ਾ ਜ਼ਿੰਦਾ ਰਹਿਣ ਨਾਲ ਹੁੰਦਾ ਹੈ। ਇਨ੍ਹਾਂ ਸਵਾਲਾਂ ਦੇ ਜਵਾਬ ਮਨੁੱਖੀ ਗਿਆਨ ਤੋਂ ਨਹੀਂ ਮਿਲ ਸਕਦੇ। ਬਿਨਾਂ ਖ਼ੁਦਾਈ ਮਦਦ ਦੇ ਮਨੁੱਖ ਜੀਵਨ ਦੇ ਅਰਥ ਦਾ ਖੋਜ ਵਿਚ ਰਹਿੰਦਾ ਹੈ। ਯਿਰਮਿਯਾਹ 10:23 ਦਾਅਵਾ ਕਰਦਾ ਹੈ ਕਿ ''ਆਦਮੀ ਦਾ ਰਾਹ ਉਸ ਦੇ ਵੱਸ ਵਿਚ ਨਹੀਂ ਹੈ, ਇਹ ਮਨੁੱਖ ਦੇ ਵੱਸ ਵਿਚ ਨਹੀਂ ਕਿ ਤੁਰਨ ਲਈ ਆਪਣੇ ਕਦਮਾਂ ਨੂੰ ਕਾਇਮ ਕਰੇ।'' ਕਰੋੜਾਂ ਲੋਕਾਂ ਨੇ ਬਾਈਬਲ ਦੀ ਇਸ ਗੱਲ ਨੂੰ ਝੂਠਾ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਨਾਲ ਉਸ ਨੂੰ ਉਸਦੇ ਸਹੀ ਹੋਣ

ਦਾ ਪਤਾ ਲਗ ਸਕੇ। ਸੁਕਰਾਤ, ਪਲੈਟੋ, ਸਿਸਰੋ, ਡਿਮੋਕਰਿਟਸ ਅਤੇ ਜੌਨ ਲਾਕ ਸੰਸਾਰ ਦੇ ਉਨ੍ਹਾਂ ਸੰਵੇਦਨਸ਼ੀਲ ਬੁੱਧੀਜੀਵੀਆਂ ਵਿੱਚੋਂ ਹਨ ਜਿਨ੍ਹਾਂ ਨੇ ਜੀਵਨ ਦੇ ਵਧੇਰੇ ਸਵਾਲਾਂ ਨਾਲ ਵਿਹਾਰ ਵਿਚ ਮਨੁੱਖ ਦੀ ਅਸਮਰੱਥਤਾ ਬਾਰੇ ਲਿਖਿਆ ਹੈ।

ਮਨੁੱਖ ਦੀ ਅਸਮਰੱਥਤਾ ਮੰਨਣਯੋਗ ਲਗਦੀ ਹੈ, ਇਸ ਕਰਕੇ ਦਲੀਲ ਕਹਿੰਦੀ ਹੈ ਕਿ ਮਨੁੱਖ ਦੀਆਂ ਸਰੀਰਕ ਲੋੜਾਂ ਨੂੰ ਪੂਰਿਆਂ ਕਰਨ ਲਈ ਅਕਾਸ਼ ਤੋਂ ਮੀਂਹ ਅਤੇ ਫ਼ਲਦਾਇਕ ਵਸਤੂਆਂ ਦੇਣ ਵਾਲਾ ਖ਼ੁਦਾ ਉਸਨੂੰ ਦਿਮਾਗੀ, ਇਖ਼ਲਾਕੀ ਅਤੇ ਰੂਹਾਨੀ ਲੋੜਾਂ ਦੇ ਸਬੰਧ ਵਿਚ ਬੇਸਹਾਰਾ ਨਹੀਂ ਛੱਡੇਗਾ। ਇਸ ਕਰ ਕੇ ਇਹ ਮੰਨਣਾ ਤਰਕਸੰਗਤ ਹੈ ਕਿ ਖ਼ੁਦਾ ਆਪਣੀ ਸ੍ਰਿਸ਼ਟੀ ਲਈ ਬਾਹਰ ਤੋਂ ਰਸਤਾ ਕੱਢ ਕੇ ਲੋੜੀਂਦੀ ਜਾਣਕਾਰੀ ਭੇਜਦਾ ਹੈ। ਦੂਜੇ ਸ਼ਬਦਾਂ ਵਿਚ ਇਹ ਗੱਲ ਵੀ ਤਰਕਸੰਗਤ ਹੈ ਕਿ ਖ਼ੁਦਾਈ ਪ੍ਰੇਰਨਾ ਨਾਲ ਮਿਲਿਆ ਪ੍ਰਕਾਸ਼ਨ ਜਾਂ ਮੁਕਾਸ਼ਫ਼ਾ ਇਸ ਸੰਸਾਰ ਵਿਚ ਮਨੁੱਖ ਦੇ ਕਦਮਾਂ ਲਈ ਮਸ਼ਾਲ ਅਤੇ ਉਸ ਦੇ ਰਾਹ ਲਈ ਰੌਸ਼ਨੀ ਹੋਵੇ।

## 8. ਜਵਾਬ

ਬਾਈਬਲ ਦੀ ਖੋਜ ਤੋਂ ਪਤਾ ਲਗਦਾ ਹੈ ਕਿ ਜੋ ਫ਼ਾਇਦੇ ਮਨੁੱਖ ਆਪ ਆਪਣੇ ਲਈ ਪਾਉਣ ਵਿਚ ਨਾਕਾਮ ਹੈ, ਉਹੀ ਸਿਰਜਣਹਾਰ ਨੇ ਉਸ ਨੂੰ ਦਿੱਤੇ ਹਨ। ਆਮ ਆਦਮੀ ਦੀ ਅਹਿਮੀਅਤ ਜਾਨਵਰ ਨਾਲੋਂ ਕਿਤੇ ਵੱਧ ਹੈ। ਉਹ ਸਿਰਫ਼ ਰੋਟੀ ਨਾਲ ਹੀ ਜ਼ਿੰਦਾ ਨਹੀਂ ਰਹਿੰਦਾ। ਉਸ ਦੀਆਂ ਸਭ ਤੋਂ ਵੱਡੀਆਂ ਲੋੜਾਂ ਸਰੀਰਕ ਨਹੀਂ ਹਨ, ਕਿਉਂਕਿ ਬਾਈਬਲ ਉਸ ਦੀਆਂ ਸਭ ਤੋਂ ਵੱਡੀਆਂ ਲੋੜਾਂ ਵੱਲ ਧਿਆਨ ਦੁਆਉਂਦੀ ਹੈ। ਜਿਵੇਂ ਦੇਹ ਨੂੰ ਆਕਸੀਜਨ ਦੀ ਲੋੜ ਹੁੰਦੀ ਹੈ, ਓਸੇ ਤਰ੍ਹਾਂ ਰੂਹ ਨੂੰ ਬਾਈਬਲ ਦੀ ਲੋੜ ਹੁੰਦੀ ਹੈ। ਬਾਈਬਲ ਜੀਵਨ ਅਤੇ ਭਗਤੀ ਨਾਲ ਸਬੰਧ ਰੱਖਣ ਵਾਲੀਆਂ ਸਭ ਚੀਜ਼ਾਂ ਉਸ ਨੂੰ ਮੁਹੱਈਆ ਕਰਾਉਂਦੀ ਹੈ।